Global Journal of Emerging Trend in Education and Social Science
Vol. 4, Issue 1 – 2021
ISSN: 2582-1377

# ਔਰਤ ਇਕ ਨਜ਼ਰ

**ਵਿਜੈ ਸਿੰਘ**[1]

*[1]ਅਸਿਸਟੈਂਟ ਪ੍ਰੋ. (ਪੰਜਾਬੀ ਵਿਭਾਗ), ਸੀ. ਐਮ. ਕੇ. ਨੈਸ਼ਨਲ ਪੀ.ਜੀ. ਗਰਲਜ ਕਾਲਜ, ਸਿਰਸਾ, (ਹਰਿਆਣਾ)*

ਜੀਵ -ਜਗਤ ਵਿੱਚ ਮਨੁੱਖ ਇਕ ਪ੍ਰਾਣੀ ਹੈ, ਸਭਿਐ ਪ੍ਰਾਣੀ ਤੋਂ ਵੱਧ ਕੁਝ ਹੋਰ ਨਹੀਂ। ਮਨੁੱਖ ਨਾਮਕ ਇਸ ਪ੍ਰਾਣੀ ਵਿੱਚ ਵੀ ਬਾਕੀ ਜੀਵਾਂ ਵਾਂਗ ਇਸ ਦੇ ਵੀ ਦੋ ਆਧਾਰ ਹਨ। ਇੱਕ ਨਰ ਅਤੇ ਦੂਸਰਾ ਮਾਦਾ ਜੋ ਸੰਸਾਰਿਕ ਉਤਪਾਦਨ ਲਈ ਇਕ-ਦੂਸਰੇ ਦੇ ਪੂਰਕ ਹਨ। ਦੋਵਾਂ ਦੀ ਹੋਂਦ ਹੀ ਮਨੁੱਖ ਦੀ ਹੋਂਦ ਹੈ। ਇਸ ਮਨੁੱਖ ਪ੍ਰਾਣੀ ਦੇ ਦੋ ਭਾਗ, ਜਿਸ ਨੂੰ ਮੈਂ ਨਰ ਅਤੇ ਮਾਦਾ ਕਿਹਾ ਹੈ ਔਰਤ ਅਤੇ ਪੁਰਸ਼ ਲਈਵਰਤਿਆ ਹੈ। ਇਸ ਮਨੁੱਖ ਦੀ ਇਹ ਵੰਡ ਲਿੰਗ ਆਧਾਰਿਤ ਹੈ ਇਸ ਤੋਂ ਵੱਧ ਹੋਰ ਕੁੱਝ ਨਹੀਂ। ਅਸਲ 'ਚ ਇਹ ਮਨੁੱਖ ਵੀ ਇਕ ਜੀਵ/ਪ੍ਰਾਣੀ ਜਾਂ ਇਉਂ ਕਿਹਾ ਜਾਵੇ, ਜੰਗਲੀ ਪ੍ਰਾਣੀ ਜਿਸ ਨੂੰ ਵਿਗਿਆਨ ਬਣਮਾਨਸ ਦਾ ਨਾਂ ਦਿੱਤਾ ਹੋਇਆ ਹੈ।

ਸਮੇਂ ਦੇ ਗੇੜ੍ਹ ਨਾਲ ਇਸ ਜੀਵ ਵਿੱਚ ਪਰਿਵਰਤਨ ਵਾਪਰਨੇ ਸ਼ੁਰੂ ਹੋਏ ਅਤੇ ਅੱਜ ਤੱਕ ਜਾਰੀ ਹਨ। ਸਮੇਂ ਦੇ ਗੇੜ੍ਹ ਨਾਲ ਇਹ ਇੱਕ ਸਾਰੇ ਜੀਵ-ਜਗਤ ਤੋਂ ਵੱਖਰਾ ਜੀਵ ਬਣ ਗਿਆ ਅਤੇ ਆਪਣਾ ਅਧਿਕਾਰ ਪ੍ਰਾਪਤ ਕਰ ਗਿਆ। ਇਸ ਤੋਂ ਪਹਿਲਾਂ ਭਾਵੇਂ ਇਹ ਦੂਜਿਆਂ ਤੇ ਨਿਰਭਰ ਸੀ, ਇੱਥੋਂ ਤੱਕ ਕਿ ਇਹ ਆਪਣਾ ਭੋਜਨ ਵਿੱਚ ਜੰਗਲੀ ਜਾਨਵਰਾਂ ਦੁਆਰਾ ਕੀਤਾ ਸ਼ਿਕਾਰ ਰਹਿੰਦ-ਖੂੰਹਦ ਹੀ ਚਟਦਾ ਜਾਂ ਚੂੰਡਦਾ ਰਿਹਾ ਹੈ। ਪਰ ਇਹ ਅਧਿਕਾਰ ਇਸ ਨੇ ਆਪਣੇ ਦੋਹਾਂ ਰੂਪਾਂ ਨਾਲ ਰਲ ਕੇ ਹੀ ਪ੍ਰਾਪਤ ਕੀਤਾ ਹੈ।

ਨਰ ਅਤੇ ਨਾਰੀ ਰੂਪ ਵਿੱਚ ਅਤੇ ਇਹ ਸਭਿਐ ਇਨਸਾਨ ਦੇ ਰੂਪ ਵਿੱਚ ਸਾਹਮਣੇ ਆਇਆ। ਇਹ ਸਭਿਆਚਾਰ ਜਾਂ ਸਭਿਅਕ ਭਾਵ ਵੀ ਇਸ 'ਚ ਪ੍ਰਕਿਰਤੀ ਦੁਆਰਾ ਉਸ ਦੀ ਆਪਣੀ ਸਥਿਤੀ ਅਨੁਸਾਰ ਹੀ ਪੁੰਗਰਨਾ ਸ਼ੁਰੂ ਹੋਇਆ ਸੀ। ਪਹਿਲਾਂ ਪਹਿਲ ਇਹ ਮਨੁੱਖ ਆਪਣੇ ਦੋਹਾਂ ਰੂਪਾਂ ਭਾਵ ਔਰਤ-ਪੁਰਸ਼ ਦਾ ਅਧਿਕਾਰ ਬਰਾਬਰ ਸਨ, ਇਨ੍ਹਾਂ ਵਿੱਚ ਇਕ-ਦੂਜੇ ਦੀ ਹੋਂਦ ਮਨਫ਼ੀ ਕਰਨ ਦੀ ਬਿਰਤੀ ਨਹੀਂ ਸੀ, ਪਰ ਜਦੋਂ ਤੋਂ ਇਹ ਸਭਿਅਕ ਬਣ ਕੇ ਵਿਚਰਨ ਲਗਿਆ ਤਾਂ ਇਹ ਬਿਰਤੀ ਭਾਰੂ ਹੁੰਦੀ-ਹੁੰਦੀ ਅੱਜ ਦੇ ਸਰੂਪ ਤੱਕ ਪਹੁੰਚ ਚੁਕੀ ਹੈ। ਜਿਵੇਂ -ਜਿਵੇਂ ਮਨੁੱਖ ਦੇ ਦਿਮਾਗ ਦੇ ਵਿਕਾਸ ਹੁੰਦਾ ਗਿਆ, ਉਵੇਂ-ਉਵੇਂ ਹੀ ਇਹ ਆਪਣੇ ਅਧਿਕਾਰ ਸਥਾਪਿਤ ਕਰਦਾ ਗਿਆ ਅਤੇ ਇੱਥੋਂ ਤੱਕ ਕਿ ਇਸ ਨੇ ਪ੍ਰਕਿਤੀ ਦੇ ਨਾਲ -ਨਾਲ ਆਪਣੇ ਆਪ ਦੇ

© Eureka Journals 2021. All Rights Reserved. 

ਅਧਿਕਾਰ ਵੀ ਸਥਾਪਿਤ ਕਰ ਦਿੱਤੇ ਆਪਣੀ ਨੈਤਿਕ ਕਦਰਾਂ–ਕੀਮਤਾਂ ਪ੍ਰਤਿਮਾਨਕ ਨਿਯਮ ਇਹ ਆਪਣੇ ਬਣਾਏ ਨਿਯਮਾਂ ਤੇ ਹੀ ਚਲਣ ਲਗਿਆ, ਅਤੇ ਉਨ੍ਹਾਂ ਨੂੰ ਚਾਹ ਕੇ ਵੀ ਨਹੀਂ ਤੋੜ ਸਕਦਾ।

ਇਥੋਂ ਹੀ ਚਲਦੀ ਹੈ ਇਸ ਦੀ ਆਪਣੇ ਦੂਜੇ ਰੂਪ ਭਾਵ ਔਰਤ ਦੀ ਗੁਲਾਮੀ, ਔਰਤ ਭਾਵੇਂ ਪੁਰਸ਼ ਤੋਂ ਕਿਸੇ ਪੱਖੋਂ ਘਟ ਜਾਂ ਕਮਜੋਰ ਨਹੀਂ, ਪਰ ਇਸ ਨੂੰ ਇਸੇ ਤਰ੍ਹਾਂ ਦੀ ਪਰਸਥਿਤੀ 'ਚ ਰਖਿਆ ਗਿਆ ਜਾ ਪੈਦਾ ਕੀਤੀ ਗਈ ਇਹ ਮੰਨ ਬੈਠੀ ਕਿ ਮੈਂ ਕਮਜੋਰ ਅਤੇ ਗੁਲਾਮ ਹਾਂ, ਸਿਰਫ਼ਪੁਰਸ਼ ਦੀ ਦਾਸੀ, ਬੱਚੇ ਪੈਦਾ ਕਰਨ ਵਾਲੀ ਮਸੀਨ ਜਾਂ ਪੁਰਸ਼ ਦੀ ਕਾਮ ਭਾਵਨਾ ਨੂੰ ਸੰਤੁਸ਼ਟ ਕਰਨ ਵਾਲੀ ਕਾਮ ਗੁੱਡੀ ਪਰ ਵਾਸਤਵ ਵਿੱਚ ਇਹ ਪੁਰਸ਼ ਤੋਂ ਕਿਤੇ ਵੱਧ ਤਾਕਤਵਰ ਹਨ।

ਪਰ ਇਸ ਤਾਕਤ ਦਾ ਇਸ ਨੂੰ ਅਹਿਸਾਸ ਨਹੀਂ, ਪਰ ਇੱਥੇ ਇਕ ਗੱਲ ਇਹ ਵੀ ਸਪਸਟ ਕਰ ਦੇਣਾ ਚਾਹੁੰਨਾ ਹਾਂ, ਕਿ ਮਨੁੱਖ ਹਮੇਸਾ ਤੋਂ ਹੀ ਝੂਠ ਨੂੰ ਸੱਚ ਦੀ ਪੁੱਠ ਚਾੜ੍ਹ ਕੇ ਪੇਸ਼ ਕਰਦਾ ਰਿਹਾ ਹੈ। ਭਾਵ ਮਨੁੱਖ ਨੂੰ ਜੋ ਕੁਝ ਨਹੀਂ ਆਉਂਦਾ ਜਾਂ ਉਹ ਨਹੀਂ ਕਰ ਸਕਦਾ, ਉਸਦਾ ਉਹ ਹਮੇਸ਼ਾਂ ਤੋਂ ਹੀ ਇਦਵਾਨ ਰਿਹਾ ਹੈ ਭਾਵ ਪੁਰਸ਼ ਨੂੰ ਇਕ ਸਮੇਂ ਇਹ ਡਰ ਪੈਦਾ ਹੋਇਆ ਕਿ ਔਰਤ ਤੋਂ ਭਾਰੀ ਖਤਰਾ ਹੈ ਤਾਂ ਉਹ ਇਸ ਦੀ ਹੋਂਦ ਤੇ ਭਾਵੀ ਹੋਣ ਦੀ ਜੁਗਤਾਂ ਘੜਨ ਲਗਿਆ, ਅਤੇ ਇਸ 'ਚ ਉਹ ਸਫ਼ਲ ਵੀ ਰਿਹਾ।

ਪੁਰਸ਼ ਨੇ ਔਰਤ ਦੀ ਇਸ ਤਰ੍ਹਾਂ ਦੀ ਮਾਨਸਿਕਤਾ ਪੇਸ਼ ਕੀਤੀ ਹੈ ਕਿ ਉਹ ਖੁਦ ਕੁਝ ਸੋਚ ਹੀ ਨਾ ਸਕੇ, ਪੁਰਸ਼ ਅਨੁਸਾਰ ਚਲੇ ਅਤੇ ਉਸ ਦੀ ਅਧੀਨਗੀ ਸਵੀਕਾਰ ਕਰੇ। ਇਸ ਦੀ ਨੁਮਾਇੰਦਗੀ ਹੀ ਉਸਦਾ (ਔਰਤ) ਨਾਮ ਕਰਦਾ ਹੈ। ਔਰਤ ਦਾ ਅਰਥ ਹੈ ਹੋਰਾਂ ਦੇ ਅਧੀਨ। ਭਾਵ ਪੁਰਸ਼ ਦੀ ਗੁਲਾਮ। ਇਸ ਪ੍ਰਾਣੀ ਦਾ ਨਾਮ ਹੀ ਗੁਲਾਮੀ ਸਵੀਕਾਰ ਕਰਦਾ ਹੈ। ਉਹ ਖੁਦ ਕਿਸ ਸਤੰਤਰਤਾ ਦੀ ਚਾਹ ਕਰੇਗਾ। ਇਛਾ ਕਰੇਗਾ।

ਜਦੋਂ ਔਰਤ ਦਾ ਆਪਣੇ ਸਮਾਜ ਤੇ ਅਧਿਕਾਰ ਨਹੀਂ ਸੀ, ਉਹ ਖੁਸ਼ ਸੀ ਅਤੇ ਆਪਣੀ ਹੋਂਦ ਬਣਾਈ ਹੋਈ ਸੀ। ਉਦੋਂ ਮਾਤਰੀ ਪਰਿਵਾਰ ਚਲਦਾ ਸੀ ਭਾਵ ਮਾਂ ਦੁਆਰਾ ਪਰਿਵਾਰ ਜਾਂ ਸਮਾਜ ਚਲਦਾ ਸੀ। ਅਤੇ ਇਸ ਸਮੇਂ ਬਹੁ ਵਿਆਹ ਪ੍ਰਥਾ ਪ੍ਰਚਲਿਤ ਸੀ। ਔਰਤ ਦੀ ਮਰਜੀ ਅਨੁਸਾਰ ਸਾਰੇ ਕਾਰਜ ਹੁੰਦੇ ਸਨ। ਫਿਰ ਸ਼ੁਰੂ ਹੋਇਆ ਇਸ ਦਾ ਨਿਘਾਰ ਜਿਸ ਦਾ ਆਧਾਰ ਬਣਿਆ ਇਕ ਪਤਨੀ ਵਿਆਹ ਜਾਂ ਇਕ ਪਤੀ ਵਿਆਹ।

ਇਥੋਂ ਹੀ ਔਰਤ ਬਣ ਗਈ ਮਾਲਕ ਤੋਂ ਦਾਸੀ, ਹੁਣ ਔਰਤ ਘਰ ਦੀ ਚਾਰ ਦਿਵਾਰੀ 'ਚ ਕੈਦ। ਇਸ ਦਾ ਕੰਮ ਬਾਹਰ ਦੇ ਕੰਮ ਨਾਲ - ਨਾਲ ਘਰ ਦਾ ਕੰਮ, ਬੱਚੇ ਦੀ ਪਰਵਰਿਸ਼ ਅਤੇ ਮਰਦ ਦੀ ਕਾਮ ਭਾਵਨਾ ਨੂੰ ਸ਼ਾਂਤ ਕਰਨ ਦਾ ਦੁਹਰਾ- ਤੀਹਰਾ ਕੰਮ ਸ਼ੁਰੂ ਹੋਇਆ, ਭਾਵੇਂ ਇਹ ਪਹਿਲਾਂ ਵੀ ਸੀ, ਪਰ ਇਸ ਸਥਿਤੀ ਵਿੱਚ ਨਹੀਂ।

© Eureka Journals 2021. All Rights Reserved. 

ਸਮੇਂ-ਸਮੇਂ ਔਰਤ ਦੀ ਆਪਣੀ ਵਿਚਾਰਧਾਰਾ ਵੀ ਪੁੰਗਰਨ ਦੀ ਕੋਸ਼ਿਸ਼ ਕਰਦੀ ਹੈ ਉਹ ਵਿਦਰੋਹ ਕਰਨਾ ਚਾਹੁੰਦੀ ਹੈ ਤੇ ਆਪਣੇ ਹੱਕ ਪ੍ਰਾਪਤ ਕਰਨ ਦੀ ਉਸਦੀ ਮੁਢਲੀ ਪ੍ਰਵਿਰਤੀ ਜਾਗਦੀ ਹੈ ਪਰ ਉਸ ਸਮੇਂ ਵੀ ਪੁਰਸ਼ ਦੁਆਰਾ ਇਸ ਨੂੰ ਕੁਝ ਲਾਰੇਆਂ ਅਤੇ ਨਾਰੇਆਂ ਦੁਆਰਾ ਸਾਂਤ ਕੀਤਾ ਜਾਂਦਾ ਰਿਹਾ ਹੈ।

ਜਿਵੇਂ ਇਸ ਨੂੰ ਘਰ ਦੀ ਮਾਲਕਣ, ਪਤੀਵਰਤਾ, ਸਾਵਿਤਰੀ ਆਦਿ ਨਾਮ ਤੇ ਕੇ ਖ਼ੁਸ਼ ਕੀਤਾ ਜਾਂਦਾ ਰਿਹਾ ਹੈ ਪਰ ਇਸਦਾ ਬਣਦਾ ਹੱਕ ਨਹੀਂ ਦਿਤਾ ਗਿਆ, ਇਸ ਚਾਲ ਚਲਦਾ ਰਿਹਾ ਪੁਰਸ਼ ਇਸ ਨੂੰ ਵੱਖ-ਵੱਖ ਵਹਿਮ ਪੈਦਾ ਕਰਕੇ ਸਮਾਜ ਵਿਚ ਜਕੜ ਰਖਿਆ ਹੈ। ਉਹ ਭਾਵੇਂ ਗਹਿਣੇ ਹੋਣ, ਰੀਤਾਂ-ਰਿਵਾਜਂ ਹੋਣ ਜਾਂ ਕੁਝ ਔਦੇ-ਪਦਵੀਆਂ ਹੋਣ। ਗਹਿਣੇ ਦੀ ਜੇਕਰ ਗਲ੍ਹ ਕਰੀਏ ਤਾਂ ਪੁਰਸ਼ ਨੇ ਇਸ ਨੂੰ ਕੇਵਲ ਉਸਦੀ ਸਰੀਰਕ ਸੁੰਦਰਤਾ ਲਈ ਨਹੀਂ ਪੇਸ਼ ਕੀਤੇ ਸਗੋਂ ਉਸ ਨੂੰ ਸਮਾਜ ਵਿਚ ਬੰਨਣ ਦਾ ਇਕ ਮਾਤਰ ਯਤਨ ਹੈ ਤੇ ਇਹ ਉਪਰਾਲਾ ਉਸ ਨੇ ਇਸ ਨੰ ਸਮਾਜਿਕ ਸੰਸਕਾਰਾਂ ਦਾ ਹਵਾਲਾ ਤੇ ਕੇ ਬੰਨਿਆ ਹੈ ਔਰਤ ਤੇ ਤਕਰੀਬਨ ਬਾਰ੍ਹਾਂ ਅੰਗ ਨੂੰ ਗਹਿਣੇ ਪਾਏ ਹੋਏ ਨੇ ਜਿਨ੍ਹਾਂ ਵਿਚ ਪੰਜ ਮੁਖ ਨੇ ਅੱਜ-ਕਲ ਵੀ ਹਰ ਔਰਤ ਪਾਉਂਦੀ ਹੈ। ਉਹ ਭਾਵੇਂ ਕਿਸੇ ਵੀ ਰੂਪ ਵਿਚ ਹੋਵੇ- ਭਾਵ ਮਾਂ, ਭੈਣ, ਪਤਨੀ ਆਦਿ।

ਇਹ ਹਨ ਗਲ, ਕੰਨ, ਨੱਕ, ਪੈਰ ਅਤੇ ਹੱਥ ਪਰ ਇਨ੍ਹਾਂ ਦਾ ਵਾਸਤਵਿਕ ਅਰਥ ਜੋ ਸਮਾਜ ਦੁਆਰਾ ਸਿਰਜੇ ਹੋਏ ਹਨ, ਉਹ ਇਹ ਹੈ ਕਿ ਔਰਤ ਨੂੰ ਗਲ, ਨੱਕ, ਕੰਨ ਅਤੇ ਪੈਰ ਤੋਂ ਬੰਨੀ ਹੋਈ ਹੈ। ਉਹ ਕੋਈ ਵੀ ਮਰਿਆਦਾ ਨਹੀ ਉਲੰਘ ਸਕਦੀ। ਇਨ੍ਹਾਂ ਨਾਲ ਉਸ ਨੂੰ ਸਮਾਜਕ ਕਦਰਾਂ-ਕੀਮਤਾਂ ਨਾਲ ਜਾਣੂ ਕਰਵਾ ਕੇ ਉਨ੍ਹਾਂ ਦੀ ਪਾਲਾਣਾ ਕਰਨ ਦਾ ਕਿਹਾ ਜਾਂਦਾ ਹੈ ਜੇਕਰ ਕੋਈ ਵੀ ਔਰਤ ਇਨ੍ਹਾਂ ਕਾਨੂੰਨਾਂ ਦੀ ਉਲੰਘਣਾ ਕਰਦੀ ਹੈ ਤਾਂ ਉਸ ਨੂੰ ਵਿਬਚਾਰਨੀਜਾਂ ਚਰਿਤਰਹੀਣਤਾ ਦਾ ਦੋਸ਼ ਲਾ ਕੇ ਉਸ ਨੂੰ ਸਜਾ ਤਕ ਵੀ ਦਿਤੀ ਜਾਂਦੀ ਹੈ। ਪੁਰਸ਼ ਹਰ ਪੱਖੋਂ ਔਰਤ ਨੂੰ ਆਪਣੀ ਗੁਲਾਮ ਸਮਝਦਾ ਹੈ, ਇੱਥੋਂ ਤਕ ਕਿ ਜੇਕਰ ਪੁਰਸ਼ ਗਾਲ ਵੀ ਦਿੰਦਾ ਹੈ ਤਾਂ ਔਰਤ ਨੂੰ ਜਾਂ ਉਸਦਾ ਨਾਮ ਨਾਲ ਦਿੰਦਾ ਹੈ। ਹੁਣ ਤਾਂ ਔਰਤ ਨਾਲ ਸੰਬੰਧਿਤ ਇਸ ਉਦਯੋਗ ਵੀ ਸ਼ੁਰੂ ਹੋ ਗਿਆ, ਜਿਸ ਦਾ ਵਿਸ਼ਵ ਮੰਡੀ 'ਚ ਕਾਫੀ ਨਾਮਣਾਹੈ ਉਹ ਹੈ ਵੇਸ਼ਵਾਗਿਰੀ ਇੱਥੇ ਵੀ ਔਰਤ ਦੀ ਗੁਲਾਮੀ ਹੋਰ ਵੀ ਮਾੜੀ ਹੋ ਜਾਂਦੀ ਹੈ। ਅੱਜ ਦੁਨੀਆਂ ਭਰ 'ਚ ਵੇਸ਼ਵਾਗਿਰੀਦਾ ਧੰਧਾ ਜੋਰ ਪਕੜਦਾ ਜਾ ਰਿਹਾ ਹੈ ਅਤੇ ਇਸ ਵਿਚ ਪੁਰਸ਼ ਇਸ ਗਲ ਦੀ ਪੁਸ਼ਟੀ ਲਈ ਤੁਸੀਂ "ਲੂਈਜ ਬ੍ਰਾਉਨ " ਦੀ ਪੁਸਤਕ " ਸੇਕਸ ਸਲੇਵਜ" ਪੜ ਸਕਦੇ ਹੋ ਇਹ ਪੁਸਤਕ ਵਿਸ਼ਵ ਮੰਡੀ 'ਚ ਵੇਸਵਾਗਿਰੀ ਦੇ ਸਥਿਤੀ ਬਿਆਨ ਕਰਦੀ ਹੈ।

ਹੁਣ ਗੱਲ ਕਰਦੇ ਹਾਂ ਸਾਡੇ ਪੰਜਾਬੀ ਸਮਾਜ ਦੀ ਈਹ ਵੀ ਇਸ ਦੀ ਗਿਰਫਤ ਤੋਂ ਨਹੀਂ ਬਚਿਆ ਹੋਇਆ। ਪੰਜਾਬੀ ਸਭਿਆਚਾਰ ਵਿਚ ਵੀ ਔਰਤਾਂ ਦੀ ਸਥਿਤੀ ਬਹੁਤ ਮਾੜੀ ਹੈ, ਇਥੋਂ ਬਸ ਹੋਰਾਂ ਸਭਿਆਚਾਰ ਨਾਲ

© Eureka Journals 2021. All Rights Reserved. 

ਇਕੋ-ਇਕ ਵਖਰਤਾ ਹੈ ਉਹ ਹੈ ਪਰਦਾ ਪ੍ਰਥਾ ਦਾ ਖਾਤਮਾ/ਅੰਤ ਬਾਕੀ ਸਬ ਕੁਝ ਉਸੇ ਤਰ੍ਹਾਂ ਹੀ ਚਲ ਰਿਹਾ ਹੈ।

ਅੰਤ ਵਿੱਚ ਇਹੀ ਕਹਾਗਾਂ ਕਿ ਔਰਤ ਇਸ ਸਮੇਂ ਖੁਦ ਨੂੰ ਜਾਣ ਕੇ ਆਪਣੀ ਹੋਂਦ ਕਾਈਮ ਕਰਨੀ ਚਾਹਿਦੀ ਹੈ। ਨਾ ਕੀ ਪੁਰਸ਼ਨੂੰ ਸਮਝੇ। ਭਾਵੇਂ ਸਮਾਂ ਹੁਣ ਉਤਰ-ਆਧੁਨਿਕਤਾ ਦਾ ਚਲ ਰਿਹਾ ਹੈ, ਪਰ ਬਦਲਿਆ ਕੁਝ ਵੀ ਨਹੀਂ, ਬਦਲਿਆ ਹੈ ਤਾਂ ਔਰਤ ਦੇ ਸ਼ੋਸ਼ਣ ਕਰਨ ਦੇ ਢੰਗ-ਤਰੀਕੇ ਇਸ ਤੋਂ ਵੱਧ ਕੁਝ ਵੀ ਨਹੀਂ।

© Eureka Journals 2021. All Rights Reserved.